# ਫਰਵਰੀ ਦੇ ਦੂਜੇ ਪੰਦਰਵਾੜੇ ਲਈ ਕਣਕ ਵਾਸਤੇ ਸਲਾਹ

ਭਾਰਤੀ ਕਣਕ ਅਤੇ ਜੌਂ ਖੋਜ ਸੰਸਥਾ, ਕਰਨਾਲ  ਦੇ ਵਿਗਿਆਨੀਆਂ ਨੇ ਫਰਵਰੀ ਦੇ ਦੂਜੇ ਪੰਦਰਵਾੜੇ ਲਈ ਕਣਕ ਦੀ ਫ਼ਸਲ ਦੀ ਸੰਭਾਲ ਲਈ ਕੁਝ ਸੁਝਾਅ ਦਿੱਤੇ ਹਨ।

ਸੰਸਥਾ ਦੇ ਖੇਤੀ ਵਿਗਿਆਨੀਆਂ ਨੇ ਸਲਾਹ ਦਿੱਤੀ ਹੈ ਕਿ ਕਣਕ ਦੀ ਲੋੜ ਮੁਤਾਬਿਕ ਸਿੰਜਾਈ ਕਰੋ। ਤੇਜ਼ ਹਵਾ ਚੱਲਦੀ ਹੋਵੇ ਤਾਂ ਸਿੰਜਾਈ ਰੋਕ ਦਿਓ ਨਹੀਂ ਤਾਂ ਫ਼ਸਲ ਡਿੱਗ ਸਕਦੀ ਹੈ ਜਿਸ ਨਾਲ ਨੁਕਸਾਨ ਹੋ ਸਕਦਾ ਹੈ।

ਮਾਹਿਰਾਂ ਨੇ ਕਿਹਾ ਹੈ ਕਿ ਪੋਟਾਸ਼ੀਅਮ ਕਲੋਰਾਈਡ ਦਾ 0.2% ਛਿੜਕਾਅ ਕਰਨਾ ਨਾਲ ਅਚਾਨਕ ਤਾਪਮਾਨ ਵਿੱਚ ਵਾਧਾ ਹੋਣ ਦੀ ਹਾਲਤ ਵਿੱਚ ਕਣਕ ਦੀ ਫ਼ਸਲ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ।

ਜਿਹੜੇ ਕਿਸਾਨਾਂ ਕੋਲ ਸਪ੍ਰਿੰਕਲਰ (ਫੁਹਾਰਾ) ਸਿੰਜਾਈ ਦੀ ਸਹੂਲਤ ਹੈ, ਉਹ ਤਾਪਮਾਨ ਵਧਣ ਦੀ ਸੂਰਤ ਵਿੱਚ ਦੁਪਹਿਰ ਵੇਲੇ 30 ਮਿੰਟ ਤੱਕ ਸਪ੍ਰਿੰਕਲਰ ਨਾਲ ਆਪਣੇ ਖੇਤ ਨੂੰ ਪਾਣੀ ਲਾ ਸਕਦੇ ਹਨ। ਤੁਪਕਾ ਸਿੰਜਾਈ ਦੀ ਸਹੂਲਤ ਹੋਵੇ ਤਾਂ ਕਿਸਾਨ ਫ਼ਸਲ ਵਿੱਚ ਨਮੀ ਦੀ ਢੁੱਕਵੀਂ ਮਾਤਰਾ ਨੂੰ ਯਕੀਨੀ ਬਣਾਉਣ।

ਫ਼ਸਲ ਵਿੱਚ ਪੀਲੀ ਕੁੰਗੀ ਰੋਗ ਦੀ ਬਿਨਾ ਨਾਗਾ ਨਿਗਰਾਨੀ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਰੋਗ ਲੱਗਣ 'ਤੇ ਨੇੜੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਖੋਜ ਸੰਸਥਾ ਜਾਂ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਤੋਂ ਸਲਾਹ ਲਓ। ਪੀਲੀ ਕੁੰਗੀ ਦੀ ਪੁਸ਼ਟੀ ਹੋਣ 'ਤੇ ਪ੍ਰੋਪੀਕੋਨਾਜ਼ੋਲ 25 ਈ.ਸੀ. ਦਾ 0.1% ਘੋਲ ਬਣਾ ਕੇ ਫ਼ਸਲ ਉੱਤੇ ਛਿੜਕਾਅ ਕਰੋ। ਇੱਕ ਏਕੜ ਦੇ ਲਈ 200 ਮਿਲੀਲੀਟਰ ਦਵਾਈ 200 ਲੀਟਰ ਪਾਣੀ ਵਿੱਚ ਮਿਲਾ ਕੇ ਛਿੜਕੋ।

ਕਣਕ ਵਿੱਚ ਚੇਪੇ ਦੀ ਵੀ ਬਿਨਾ ਨਾਗਾ ਨਿਗਰਾਨੀ ਰੱਖੋ। ਜੇ ਚੇਪੇ ਦੀ ਗਿਣਤੀ ਨੁਕਸਾਨ ਦੀ ਆਰਥਿਕ ਪੱਧਰ ਜਾਂ ਈ.ਟੀ.ਐਲ. (10-15 ਚੇਪਾ ਪ੍ਰਤੀ ਬੂਟਾ) ਨੂੰ ਪਾਰ ਕਰਦੀ ਹੈ ਤਾਂ ਕੁਇਨਾਲਫੋਸ 25% ਈ.ਸੀ. ਦਵਾਈ ਦੀ 400 ਮਿਲੀਲੀਟਰ ਮਾਤਰਾ ਨੂੰ 200-250 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।